DOIs:10.2018/SS/202304018 --:-- Research Paper / Article / Review

# ਅਮਰੀਕ ਸਿੰਘ ਦੇ ਨਾਟਕ 'ਰਾਹਾਂ ਦੇ ਨਿਖੇੜ 'ਤੇ' ਵਿੱਚ ਰਾਜਸੀ ਚੇਤਨਾ

**ਬਲਵਿੰਦਰ ਕੌਰ**

ਖੋਜਾਰਥੀ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)

Email - bal8444@gmail.com

ਨਾਟਕ ਸਾਹਿਤ ਦੀ ਇੱਕ ਮਹੱਤਵਪੂਰਨ ਵਿਧਾ ਹੈ। ਕਲਾਤਮਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ਼ ਜੀਵਨ ਦੇ ਵੱਖ-ਵੱਖ ਰੂਪਾਂ ਨੂੰ ਦਰਸਾਉਣ ਦੇ ਸਮਰੱਥ ਨਾਟਕ ਦਾ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਣ ਸਥਾਨ ਹੈ। ਲਿਖਤ ਅਤੇ ਖੇਡ ਪਾਠ ਦੇ ਦੋਹਰੇ ਪ੍ਰਕਾਰਜ ਨੂੰ ਨਿਭਾਉਣ ਵਾਲ਼ੀ ਵਿਧਾ ਨਾਟਕ ਅੱਜ ਆਪਣੀ ਵੱਖਰੀ ਪਹਿਚਾਣ ਸਥਾਪਤ ਕਰ ਚੁੱਕੀ ਹੈ। ਨ੍ਰਿਤ ਅਤੇ ਸੰਗੀਤ ਦੇ ਮੁੱਢਲੇ ਰੂਪ ਵਿੱਚ ਹੋਂਦ ਵਿੱਚ ਆਇਆ ਪੰਜਾਬੀ ਨਾਟਕ ਸਮਾਜ, ਇਤਿਹਾਸ, ਮਨੋਵਿਗਿਆਨ ਅਤੇ ਰਾਜਨੀਤੀ ਨਾਲ਼ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਇਹ ਵਿਭਿੰਨ ਪੱਖ ਪੰਜਾਬੀ ਨਾਟਕ ਦੇ ਸਰੂਪ ਨੂੰ ਦ੍ਰਿਸ਼ਟੀਗੋਚਰ ਕਰ ਰਹੇ ਹਨ। ਅਜੋਕੇ ਸਮੇਂ ਵਿੱਚ ਪੰਜਾਬੀ ਨਾਟਕ ਵਿੱਚ ਦਲਿਤ ਚੇਤਨਾ, ਨਾਰੀ ਚੇਤਨਾ, ਵਿਸ਼ਵੀ ਚੇਤਨਾ ਅਤੇ ਰਾਜਸੀ ਚੇਤਨਾ ਆਦਿ ਮਸਲਿਆਂ ਦੇ ਵਿਭਿੰਨ ਪਾਸਾਰ ਪੈਦਾ ਹੋ ਰਹੇ ਹਨ। ਪਰ ਸਾਡਾ ਇੱਥੋਂ ਸੰਬੰਧ ਰਾਜਸੀ ਚੇਤਨਾ ਨਾਲ਼ ਹੈ। ਰਾਜਸੀ ਚੇਤਨਾ ਦੀ ਗੱਲ ਕਰਨ ਤੋਂ ਪਹਿਲਾਂ ਅਸੀਂ ਚੇਤਨਾ ਦੀ ਗੱਲ ਕਰਾਂਗੇ ਕਿਉਂਕਿ ਚੇਤਨਾ ਆਦਿ ਮਾਨਵ ਦੇ ਸ਼ੁਰੂਆਤੀ ਦੌਰ ਤੋਂ ਨਿਰੰਤਰ ਪਰਿਵਰਤਿਤ ਹੁੰਦੀ ਹੋਈ ਸੱਭਿਆਤਾਵਾਂ ਦੇ ਵਿਕਾਸ ਵਿੱਚ ਹਮੇਸ਼ਾਂ ਕਾਰਜਸ਼ੀਲ ਰਹੀ ਹੈ। ਆਦਿ ਕਾਲ ਤੋਂ ਵਰਤਮਾਨ ਸਮਾਜ ਤੱਕ ਦੇ ਬਦਲਦੇ ਅਤੇ ਵਿਕਸਤ ਹੁੰਦੇ ਸਮਾਜਿਕ ਢਾਂਚੇ ਦਾ ਆਧਾਰ ਵੀ ਚੇਤਨਾ ਹੀ ਹੈ। "ਚੇਤਨਾ ਮਨੁੱਖ ਦੀ ਉਹ ਜਾਗਰਿਤ ਅਵਸਥਾ ਹੈ ਜਿਸ ਵਿੱਚ ਉਹ ਸੁਚੇਤ ਹੋਣ ਦੇ ਨਾਲ਼-ਨਾਲ਼ ਪ੍ਰਤੱਖ ਦ ਵੀ ਹੈ।"[1] ਆਦਿ ਮਨੁੱਖ ਨੇ ਕੁਦਰਤੀ ਡਰ-ਭਅ ਤੋ ਮੁਕਤ ਹੋਣ ਲਈ ਸਮਾਜ-ਸੱਭਿਆਚਾਰਕ ਹੋਂਦ ਸਿਰਜਨੀ ਸ਼ੁਰੂ ਕਰ ਦਿੱਤੀ ਤੇ ਕੁਦਰਤੀ ਕਰੋਪੀ ਤੋਂ ਬਚਣ ਲਈ ਮਨੁੱਖ ਨੇ ਧਾਰਨਾਵਾਂ ਨਿਸਚਿਤ ਕਰਕੇ ਧਾਰਮਿਕ ਚੇਤਨਾ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ। ਇਸ ਵਿਕਸਤ ਹੋਈ ਚੇਤਨਾ ਨੇ ਬੌਧਿਕ ਅਤੇ ਸਮਾਜਕ ਤਬਦੀਲੀਆਂ ਵਿਚੋਂ ਲੰਘ ਕੇ ਵਰਤਮਾਨ ਸਮਾਜਕ ਸਰੂਪ ਗ੍ਰਹਿਣ ਕੀਤਾ ਹੈ। ਵੱਧ ਤੋਂ ਵੱਧ ਆਰਥਿਕ ਸਾਧਨਾਂ ਉੱਪਰ ਕਬਜ਼ੇ ਦੀ ਲਾਲਸਾ ਅਤੇ ਸੱਤਾ ਨੂੰ ਆਪਣੇ ਅਧੀਨ ਕਰਨ ਦੀ ਇੱਛਾ ਵਿਚੋਂ ਰਾਜਸੀ ਚੇਤਨਾ ਦਾ ਜਨਮ ਹੋਇਆ ਹੈ।

ਮਨੁੱਖ ਦੀ ਚੇਤਨਾ ਦਾ ਉਹ ਰੂਪ ਰਾਜਸੀ ਚੇਤਨਾ ਹੈ ਜਿਸ ਵਿੱਚ ਮਨੁੱਖ ਆਪਣੀ ਹੋਂਦ ਨਾਲ਼ ਜੁੜੇ ਸਮਾਜਕ ਵਰਤਾਰਿਆਂ ਵਿੱਚ ਬਸਰ ਕਰ ਚੁੱਕੀ ਤਾਕਤ ਅਤੇ ਸੱਤਾ ਦੇ ਅਮਾਨਵੀ ਅਤੇ ਸਥਾਪਤ ਰੂਪ ਨੂੰ ਸਮਝਣ ਦੀ ਚੇਤਨਾ ਰੱਖਦਾ ਹੈ।"[2] ਇਹ ਇੱਕ ਪ੍ਰਕਾਰ ਦਾ ਗਿਆਨ ਹੈ ਜੋ ਨੀਤੀਆਂ ਨੂੰ ਰੂਪਮਾਨ ਕਰਦਾ ਹੈ। ਸਮਾਜ ਦਾ ਲੁੱਟਿਆ ਜਾ ਰਿਹਾ ਵਰਗ ਅਤੇ ਸਮਾਜਕ, ਰਾਜਨੀਤਿਕ ਅਤੇ ਆਰਥਿਕ ਸਾਧਨਾਂ ਉੱਤੇ ਕਾਬਜ਼ ਵਰਗ ਦੀਆਂ ਲੋੜਾਂ, ਹਿੱਤ, ਵਿਚਾਰ ਅਤੇ ਉਦੇਸ਼ ਵੱਖਰੇ-ਵੱਖਰੇ ਹੁੰਦੇ ਹਨ। ਜਦੋਂ ਸਮਾਜ ਦਾ ਚੇਤਨ ਵਰਗ ਅਤੇ ਸ਼ੋਸ਼ਿਤ ਵਰਗ ਸੰਗਿਠਤ ਹੋ ਕੇ ਰਾਜਸੱਤਾ ਵਿੱਚ ਭਾਗੀਦਾਰੀ, ਉਤਪਾਦਨ ਦੇ ਸਾਧਨਾਂ ਉੱਤੇ ਮਲਕੀਅਤ ਅਤੇ ਆਪਣੇ ਹੱਕਾਂ ਦੀ ਲੜਾਈ ਲੜਦਾ ਹੈ ਤਾਂ ਇਸਨੂੰ ਰਾਜਸੀ ਚੇਤਨਾ ਆਖਦੇ ਹਨ। ਇਸ ਤਰ੍ਹਾਂ ਰਾਜਸੀ ਚੇਤਨਾ ਆਰਥਕ ਤੌਰ 'ਤੇ ਸਾਧਨ-ਸੰਪੰਨ ਅਤੇ ਸਾਧਨ-ਵਿਹੂਣੇ ਵਰਗਾਂ ਵਿਚਲੇ ਬਹੁਪੱਖੀ ਵਿਰੋਧ ਦੇ ਸਿੱਟੇ ਵਜੋਂ ਉਪਜੀ ਚੇਤਨਾ ਹੈ। ਡਾ.ਭੀਮ ਇੰਦਰ ਸਿੰਘ ਅਨੁਸਾਰ, "ਸਿਆਸੀ ਚੇਤਨਾ ਸ਼੍ਰੇਣੀਆਂ, ਕੌਮਾਂ ਅਤੇ ਰਾਜਾਂ ਦੇ ਉਭਾਰ ਨਾਲ਼ ਹੀ ਹੋਂਦ ਵਿੱਚ ਆਉਂਦੀ ਹੈ। ਇਹ ਇੱਕ ਵਿਅਕਤੀ ਦਾ ਆਪਣੀ ਸ਼੍ਰੇਣੀ, ਦੂਸਰੀਆਂ ਸ਼੍ਰੇਣੀਆਂ, ਰਾਜ, ਸਿਆਸੀ ਸ਼ਕਤੀ, ਦੂਸਰੇ ਰਾਜ ਅਤੇ ਕੌਮਾਂ ਪ੍ਰਤੀ ਰਵੱਈਆ ਜਾਂ ਮਨੋਬਿਰਤੀ ਹੈ।"[3] ਰਾਜਸੀ ਚੇਤਨਾ ਆਪਣੇ ਵਿਭਿੰਨ ਰੂਪਾਂ ਵਿੱਚ ਲੋਕਾਂ ਦੀਆਂ ਸਮਾਜਕ, ਆਰਥਿਕ ਲੋੜਾਂ, ਕਦਰਾਂ-ਕੀਮਤਾਂ ਤੋਂ ਭਾਵਨਾਵਾਂ ਵਿੱਚ ਪ੍ਰਗਟ ਹੁੰਦੀ ਹੈ ਅਤੇ ਉਨ੍ਹਾਂ ਦੀਆਂ ਵਿਚਾਰਧਾਰਕ ਸਥਿਤੀਆਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਤਰ੍ਹਾਂ ਰਾਜਸੀ ਚੇਤਨਾ ਦਾ ਪ੍ਰਗਟਾ ਸੰਬੰਧਤ ਸਮਾਜਕ ਅਤੇ ਰਾਜਸੀ ਹਾਲਤਾਂ 'ਤੇ ਨਿਰਭਰ ਕਰਦਾ ਹੈ।

ਰਾਜਸੀ ਚੇਤਨਾ ਸਾਹਿਤ ਤੋਂ ਪਹਿਲਾਂ ਇਤਿਹਾਸ ਨਾਲ਼ ਆਪਣਾ ਸੰਬੰਧ ਜੋੜਦੀ ਹੋਈ ਗੁਲਾਮੀ ਦੀ ਅਵਸਥਾ ਵਿੱਚ ਉਭਰਨਾ ਆਰੰਭ ਕਰਦੀ ਹੈ। ਭਾਰਤ ਦੀ ਰਾਜਸੀ ਚੇਤਨਾ ਨੇ ਵੀ ਇਤਿਹਾਸਕ ਵਿਕਾਸ ਦੌਰਾਨ ਵਿਭਿੰਨ ਰੂਪ ਗ੍ਰਹਿਣ ਕੀਤੇ। ਇਸ ਲਈ ਇਥੇ ਰਾਜਸੀ ਚੇਤਨਾ ਨੂੰ ਦੋ ਪੱਧਰਾਂ ਵਿੱਚ ਵੰਡ ਕੇ ਇਸਦਾ ਅਧਿਐਨ ਕਰ ਸਕਦੇ ਹਾਂ - ਪਹਿਲੀ ਪੂਰਵ ਸੁਤੰਤਰਤਾ ਕਾਲ ਦੀ ਰਾਜਸੀ ਚੇਤਨਾ ਅਤੇ ਦੂਸਰੀ ਉੱਤਰ ਸੁਤੰਤਰਤਾ ਕਾਲ ਦੀ ਰਾਜਸੀ ਚੇਤਨਾ। ਪੂਰਵ ਸੁਤੰਤਰਤਾ ਕਾਲ ਵਿੱਚ ਵੈਦਿਕ ਕਾਲ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਦੇ ਇੱਕ ਪੁਰਖੀ ਰਾਜ ਵਿੱਚ ਧਾਰਮਿਕ ਸੂਤਰ ਵਿੱਚ ਬੱਨੇ ਹੋਏ ਲੋਕਾਂ ਵਿੱਚ ਚੇਤਨਤਾ ਨਾ ਮਾਤਰ ਸੀ। ਲੋਕਾਂ ਵਿੱਚ ਜਾਤੀ ਅਤੇ ਧਾਰਮਿਕ ਚੇਤਨਾ ਤਾਂ ਸੀ ਪਰ ਰਾਜਸੀ ਚੇਤਨਾ ਨਹੀਂ। ਮੁਗ਼ਲ ਸਲਤਨਤ ਸਥਾਪਤ ਹੋਣ ਤੋਂ ਬਾਅਦ ਮੁਗਲਾਂ ਦੇ ਅੱਤਿਆਚਾਰਾਂ ਕਾਰਨ ਲੋਕਾਂ ਵਿੱਚ ਵਿਦਰੋਹੀ ਸੁਰ ਜ਼ਰੂਰ ਉਠਣ ਲੱਗੀ ਸੀ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮੁਗਲ ਸਲਤਨਤ ਖਿਲਾਫ਼ ਬਗ਼ਾਵਤਾਂ ਭੜਕਦੀਆਂ ਰਹੀਆਂ ਤੇ ਤਾਲਮੇਲ ਦੀ ਘਾਟ ਕਾਰਨ ਇਹਨਾਂ ਦੀ ਹੋਂਦ ਖ਼ਤਮ ਹੋ ਗਈ। ਪੰਜਾਬ ਵਿੱਚ ਸਿੱਖਾਂ ਨੇ ਵੀ ਮੁਗਲਾਂ ਵਿਰੁੱਧ ਆਪਣਾ ਘੋਲ਼ ਜਾਰੀ

ਰੱਖਿਆ। ਮਹਾਰਾਜਾ ਰਣਜੀਤ ਸਿੰਘ ਨੇ ਕਈ ਵਰ੍ਹੇ ਸੰਘਰਸ਼ ਕਰਕੇ ਪੰਜਾਬ ਵਿੱਚ ਸਿੱਖ ਰਾਜ ਸਥਾਪਤ ਕਰ ਲਿਆ। ਇਸ ਦੌਰਾਨ ਪੰਜਾਬ ਦੀਆਂ ਹੱਦਾਂ ਦਾ ਫੈਲਾਅ ਵਧਿਆ । ਪਰ 1839 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਰਬਾਰ ਵਿੱਚ ਫੈਲੀ ਗੜਬੜ ਦਾ ਫਾਇਦਾ ਉਠਾ ਕੇ ਅੰਗਰੇਜ਼ਾਂ ਨੇ 1849 ਈ. ਵਿੱਚ ਪੰਜਾਬ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ। ਅੰਗਰੇਜ਼ਾਂ ਦੇ ਪੰਜਾਬ ਉੱਪਰ ਕਾਬਜ ਹੋਣ ਮਗਰੋਂ ਕਈ ਪ੍ਰਕਾਰ ਦੀਆਂ ਰਾਜਨੀਤਿਕ-ਆਰਥਿਕ ਤਬਦੀਲੀਆ ਆਈਆਂ। ਪੰਜਾਬ ਦੇ ਲੋਕਾਂ ਦੀ ਬਹੁਤੀ ਆਬਾਦੀ ਪਿੰਡਾਂ ਵਿੱਚ ਸੀ ਤੇ ਪਿੰਡ ਆਰਥਿਕ ਤੌਰ ਤੇ ਆਤਮ ਨਿਰੰਤਰ ਇਕਾਈਆਂ ਹੋਣ ਕਾਰਨ ਰਾਜਨੀਤਿਕ ਖੇਤਰ ਦੇ ਪ੍ਰਭਾਵਾਂ ਤੋਂ ਅਛੂਤੇ ਰਹਿ ਜਾਂਦੇ ਸਨ। ਅੰਗਰੇਜ਼ੀ ਹਕੂਮਤ ਦੇ ਪੂਰੇ ਦੇਸ਼ ਵਿੱਚ ਪੱਕੀ ਤਰ੍ਹਾਂ ਕਾਇਮ ਹੋਣ ਉਪਰੰਤ ਸਾਮੰਤੀ ਵੰਸ਼ਾ ਦਾ ਪਤਨ, ਸਾਰੇ ਇਲਾਕਿਆਂ ਵਿੱਚ ਸਿੱਧਾ ਰਾਜ ਪ੍ਰਬੰਧ, ਮਾਲੀਆ ਵਧਾਉਣਾ, ਸਖ਼ਤ ਕਾਨੂੰਨ ਆਦਿ ਅਜਿਹੇ ਕਾਰਨ ਸਨ ਜਿਸ ਦੇ ਸਿੱਟੇ ਵਜੋਂ ਲੋਕਾਂ ਵਿੱਚ ਫੈਲਿਆ ਅਸੰਤੋਖ 1857 ਈ. ਦੇ ਗਦਰ ਦੇ ਰੂਪ ਵਿੱਚ ਪ੍ਰਗਟ ਹੋਇਆ। ਦੂਜੇ ਪਾਸੇ ਅੰਗਰੇਜ਼ੀ ਰਾਜ ਅਤੇ ਸਿੱਖਿਆ ਦੇ ਪ੍ਰਸਾਰ ਦੇ ਸਿੱਟੇ ਵਜੋਂ ਪੰਜਾਬੀ ਲੋਕਾਂ ਦੀ ਮਾਨਸਿਕਤਾ ਨਵੇਂ ਰਾਹਾਂ ’ਤੇ ਨਵੀਂ ਸੋਚ ਵੱਲ ਅਗਰਸ਼ੀਲ ਹੋਈ। ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜਾ ਕਰਨ ਸਮੇਂ ਇੱਥੇ ਜੁਗਗਰਦੀ ਦਾ ਦੌਰ ਚਲ ਰਿਹਾ ਸੀ। ਅੰਗਰੇਜ਼ਾਂ ਦੀ ਆਮਦ ਨਾਲ਼ ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਤਬਦੀਲੀਆਂ ਦਾ ਦੌਰ ਆਰੰਭ ਹੋਇਆ ਜਿਸ ਨਾਲ਼ ਲੋਕਾਂ ਦੀਆਂ ਬੁਨਿਆਦੀ ਲੋੜਾਂ, ਵਿਚਾਰਾਂ, ਮਾਨਵੀ-ਵਿਹਾਰ ਅਤੇ ਆਦਰਸ਼ਾਂ ਵਿੱਚ ਪਰਿਵਰਤਨ ਆਉਣੇ ਸ਼ੁਰੂ ਹੋਏ। ਸਿੱਖਿਆ ਦੇ ਪ੍ਰਸਾਰ ਨਾਲ਼ ਅਜਿਹੀ ਸੂਝਵਾਨ ਸ਼੍ਰੇਣੀ ਦਾ ਜਨਮ ਹੋਇਆ ਜਿਨ੍ਹਾਂ ਨੇ ਭਾਰਤੀਆਂ ਨੂੰ ਪੱਛਮੀ ਵਿਚਾਰਾਂ ਤੋਂ ਪਰਿਚਿਤ ਕਰਵਾ ਕੇ ਉਨ੍ਹਾਂ ਵਿੱਚ ਰਾਸ਼ਟਰੀ ਚੇਤਨਤਾ ਜਗਾਈ। ਧਰਮ ਅਤੇ ਸਮਾਜ ਸੁਧਾਰ ਅੰਦੋਲਨਾਂ ਨੇ ਵੀ ਪੰਜਾਬ ਦੇ ਲੋਕਾਂ ਨੂੰ ਰਾਜਨੀਤਿਕ ਤੇ ਰਾਸ਼ਟਰੀ ਤੌਰ ਤੇ ਚੇਤਨ ਕਰਨ ਵਿੱਚ ਭਰਪੂਰ ਯੋਗਦਾਨ ਪਾਇਆ।

ਲੰਮੇ ਸੰਘਰਸ਼ ਉਪਰੰਤ 15 ਅਗਸਤ, 1947 ਨੂੰ ਭਾਰਤ ਨੂੰ ਸੁਤੰਤਰਤਾ ਤਾਂ ਮਿਲ ਗਈ ਪਰ ਬਾਕੀ ਦੇਸ਼ਵਾਸੀਆਂ ਦੇ ਮੁਕਾਬਲੇ ਪੰਜਾਬੀਆਂ ਨੂੰ ਇਸ ਬਟਵਾਰੇ ਦਾ ਵਧੇਰੇ ਖਮਿਆਜ਼ਾ ਭੁਗਤਣਾ ਪਿਆ। ਸੁਤੰਤਰਤਾ ਉਪਰੰਤ ਰਾਜਨੀਤਿਕ ਪੱਧਰ ਤੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ। ਪੰਜਾਬ ਵਿੱਚ ਵੀ ਪਹਿਲਾਂ ਪੈਪਸੂ ਅਤੇ ਫਿਰ ਪੈਪਸੂ ‘ਤੇ ਪੰਜਾਬ ਦੋਹਾਂ ਨੂੰ ਰਲਾ ਕੇ ਇਸਨੂੰ ਹਿੰਦੀ ਪੰਜਾਬੀ ਬੋਲਦੇ ਇਲਾਕਿਆਂ ਵਿੱਚ ਵੰਡ ਦਿੱਤਾ। 1 ਨਵੰਬਰ, 1966 ਨੂੰ ਇੱਕ ਭਾਸ਼ਾਈ ਪੰਜਾਬ ਰਾਜ ਦਾ ਗਠਨ ਹੋਇਆ ਤੇ ਪੰਜਾਬ ਦੀ ਵੰਡ ਦਾ ਇਹ ਸਿਲਸਿਲਾ ਖ਼ਤਮ ਹੋ ਗਿਆ। ਆਜ਼ਾਦੀ ਪ੍ਰਾਪਤੀ ਨਾਲ਼ ਆਤਮ ਨਿਰਣੈ ਦੇ ਅਧਿਕਾਰ ਦੀ ਪ੍ਰਾਪਤੀ ਤਾਂ ਹੋਈ ਪਰ ਸਮੂਹਕ ਸ਼ਕਤੀਆਂ ਬਿਖਰ ਕੇ ਰਹਿ ਗਈਆਂ। ਸਰਕਾਰ ਆਪਣੇ ਕੀਤੇ ਵਾਅਦਿਆਂ ਅਨੁਸਾਰ ਸ਼ੋਸ਼ਿਤ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਅਸਫ਼ਲ ਰਹੀ। ਭਾਵੇਂ ਸੁਤੰਤਰਤਾ ਉਪਰੰਤ ਪੰਜ ਸਾਲਾ ਯੋਜਨਾਵਾਂ ਅਧੀਨ ਦੇਸ਼ ਦਾ ਬਹੁਪੱਖੀ ਵਿਕਾਸ ਹੋਇਆ। ਅਨਪੜ੍ਹਤਾ ਨੂੰ ਖ਼ਤਮ ਕਰਨ ਲਈ ਸਕੂਲਾਂ, ਕਾਲਜਾਂ ਅਤੇ ਤਕਨੀਕੀ ਸਿੱਖਿਆ ਦਾ ਪ੍ਰਬੰਧ ਅਤੇ ਇਸਤਰੀਆਂ ਦੀ ਹਾਲਤ ਨੂੰ ਸੁਧਾਰਨ ਲਈ ਵਿਸ਼ੇਸ਼ ਅਧਿਕਾਰ ਦਿੱਤੇ ਗਏ। ਪਰ ਫਿਰ ਵੀ ਦੇਸ਼-ਵੰਡ ਰਾਹੀਂ ਆਰਥਿਕ ਪੱਖੋਂ ਲੋਕਾਂ ਦੀ ਹੋਈ ਮੰਦਹਾਲੀ ਵਿੱਚ ਉੱਚ ਪੱਧਰ ਦਾ ਸੁਧਾਰ ਨਹੀਂ ਹੋ ਸਕਿਆ। ਦੇਸ਼ ਵੰਡ ਉਪਰੰਤ ਆਪਣੀ ਮੰਦਹਾਲੀ ਨੂੰ ਦੂਰ ਕਰਨ ਲਈ ਪੰਜਾਬੀਆਂ ਨੇ ਸਿਰੜ ਤੇ ਹਿੰਮਤ ਨਾਲ਼ ਕੰਮ ਕੀਤਾ। ਥੋੜ੍ਹੇ ਸਮੇਂ ਵਿੱਚ ਹੀ ਉਨ੍ਹਾਂ ਨੇ ਵਪਾਰ, ਉਦਯੋਗ ਅਤੇ ਖੇਤੀਬਾੜੀ ਵਿੱਚ ਵਰਨਣਯੋਗ ਤਰੱਕੀ ਕੀਤੀ। 1947 ਵਿੱਚ ਭਾਵੇਂ ਭਾਰਤੀ ਜਨਤਾ ਵਿਦੇਸ਼ੀ ਸਾਮਰਾਜ ਹੱਥੋਂ ਸਦਾ ਲਈ ਸੁਤੰਤਰ ਹੋ ਗਈ ਪਰੰਤੂ ਦੇਸੀ ਸੱਭਿਆਚਾਰ ਉੱਤੇ ਪੱਛਮੀ ਸੱਭਿਆਚਾਰ ਦੇ ਮਾਰੂ ਪ੍ਰਭਾਵ ਪਹਿਲਾਂ ਵਾਂਗ ਹੀ ਕਾਰਜਸ਼ੀਲ ਰਹੇ। ਭ੍ਰਿਸ਼ਟਾਚਾਰ, ਬੇਰੁਜਗਾਰੀ, ਵੋਟਾਂ ਦੀ ਰਾਜਨੀਤੀ ਨਾਲ਼ ਪ੍ਰਫੁੱਲਿਤ ਹੋਈ ਰਾਜਨੀਤਿਕ ਸਰਮਾਏਦਾਰੀ ਕਾਰਨ ਜਨ-ਸਾਧਾਰਨ ਦੀ ਲੁੱਟ ਤੇ ਸ਼ੋਸ਼ਣ ਵਧਿਆ ਜਿਸ ਨੇ ਲੋਕਾਂ ਵਿੱਚ ਰਾਜਸੀ ਚੇਤਨਾ ਪੈਦਾ ਕੀਤੀ। ਇਸ ਸਮੇਂ ਲੋਕਾਂ ਵਿੱਚ ਆਈਂ ਜਾਗ੍ਰਿਤੀ ਤੇ ਚੇਤਨਾ ਦਾ ਪ੍ਰਗਟਾਵਾ ਸਾਹਿਤ ਵਿੱਚ ਹੋਇਆ ਮਿਲਦਾ ਹੈ।

ਸਾਹਿਤ ਵਿੱਚ ਰਾਜਸੀ ਚੇਤਨਾ ਸਮਕਾਲੀ ਪਰਿਪੇਖ ਵਿੱਚ ਉਜਾਗਰ ਹੁੰਦੀ ਹੈ। ਮਨੁੱਖੀ ਅਨੁਭਵਾਂ ਦੇ ਕਲਾਤਮਕ ਰੂਪਾਂਤਰਣ ਨਾਲ਼ ਸਾਹਿਤ ਹੋਂਦ ਗ੍ਰਹਿਣ ਕਰਦਾ ਹੈ। ਸਾਹਿਤ ਦੀ ਹੋਂਦ ਦਾ ਮਾਧਿਅਮ ਸਾਹਿਤਕਾਰ, ਦੇਸ਼ ਕੌਮ ਨਾਲ਼ ਜੁੜਿਆ ਸੰਵੇਦਨਸ਼ੀਲ ਮਨੁੱਖ ਹੈ ਜੋ ਆਪਣੇ ਹਿੱਤਾਂ ਨੂੰ ਸਮਾਜ ਦੇ ਹਿੱਤਾਂ ਰਾਹੀਂ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਸਮਾਜ ਵਿੱਚ ਉਪਜਿਆ ਸਾਹਿਤ ਸੁਚੇਤ ਜਾਂ ਅਚੇਤ ਰੂਪ ਵਿੱਚ ਰਾਜਸੀ ਚੇਤਨਾ ਦਾ ਪ੍ਰਗਟਾਵਾਂ ਕਰਦਾ ਹੈ। ਇਸ ਪ੍ਰਗਟਾਵੇ ਦਾ ਮਾਧਿਅਮ ਸਾਹਿਤ ਦੀ ਕੋਈ ਵੀ ਵਿਧਾ ਹੋ ਸਕਦੀ ਹੈ ਪਰ ਨਾਟਕ ਇਸਦਾ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਹੈ।

ਪਹਿਲੇ ਦੌਰ ਦੇ (1947 ਤੋਂ ਪਹਿਲਾਂ) ਪੰਜਾਬੀ ਨਾਟਕਾਂ ਵਿੱਚ ਰਾਜਸੀ ਚੇਤਨਾ ਨਾ-ਮਾਤਰ ਸੀ, ਧਾਰਮਿਕ ਸੁਧਾਰਵਾਦੀ ਪ੍ਰਵਿਰਤੀ ਜਿਆਦਾ ਭਾਰੂ ਸੀ। ਭਾਈ ਵੀਰ ਸਿੰਘ ਰਚਿਤ ‘ਰਾਜਾ ਲਖਦਾਤਾ’ ਅਤੇ ਭਾਈ ਮੋਹਨ ਸਿੰਘ ਵਿੱਚ ਵੈਦ ਰਚਿਤ ‘ਬਿਰਧ ਵਿਆਹ ਦੁਰਦਸ਼ਾ’ ਇਸ ਪ੍ਰਵਿਰਤੀ ਦੇ ਨਾਟਕ ਹਨ। ਨੌਰਾ ਰਿਚਰਡਜ਼ ਦੇ ਪ੍ਰਭਾਵ ਸਦਕਾ ਈਸ਼ਵਰ ਚੰਦਰ ਨੰਦਾ ਦੀ ਆਮਦ ਨਾਲ਼ ਸਮਾਜਕ ਨਾਟਕ ਯਥਾਰਥਵਾਦੀ ਝੁਕਾਅ ਅਧੀਨ ਲਿਖੇ ਜਾਣ ਲੱਗੇ। “ਇਉਂ ਪੰਜਾਬੀ ਨਾਟਕ ਦੇ ਇਸ ਦੌਰ ਦੀ ਮੁੱਖ ਸੁਰ ਸਮਾਜਿਕ ਵਿਹਾਰ ਦੀਆਂ ਅਨੇਕਾਂ ਪਰਤਾਂ ਦੀ ਪੇਸ਼ਕਾਰੀ ਰਹੀ ਹੈ। ਸਮਾਜ ਵਿੱਚ ਫੈਲੀਆਂ ਅਨੇਕਾਂ ਬੁਰਾਈਆਂ ਜਿਵੇਂ ਬਾਲ ਵਿਆਹ, ਵਿਧਵਾ ਵਿਆਹ, ਅਣਜੋੜ ਵਿਆਹ, ਵਹਿਮ ਭਰਮ, ਅੰਧ ਵਿਸ਼ਵਾਸ ਇਸ ਦੌਰ ਦੇ ਨਾਟਕ ਦੀ ਵਸਤੂ ਬਣੇ। ਅਜਿਹੇ ਨਾਟਕਾਂ ਵਿੱਚ “ਸੁਭੱਦਰਾਂ, ਵਰਘਰ, ਸੋਸ਼ਲ ਸਰਕਲ (ਆਈ.ਸੀ. ਨੰਦਾ), ਕਮਲਾ ਕੁਮਾਰੀ, ਖੇਡਣ ਦੇ ਦਿਨ ਚਾਰ (ਹਰਚਰਨ ਸਿੰਘ), ਛੇ ਘਰ (ਸੰਤ ਸਿੰਘ ਸੇਖੋਂ), ਬੂਹੇ ਬੈਠੀ ਧੀ (ਗੁਰਦਿਆਲ ਸਿੰਘ ਖੋਸਲਾ) ਆਦਿ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ‘ਰਾਜਾ ਪੋਰਸ’ (ਹਰਚਰਨ ਸਿੰਘ) ਵਰਗੇ ਇਤਿਹਾਸਕ ਨਾਟਕ ਅਤੇ ਲੋਹਾ ਕੁੱਟ (ਬਲਵੰਤ ਗਾਰਗੀ) ਵਰਗੇ ਮਨੋਵਿਗਿਆਨਕ ਸ਼ੈਲੀ ਦੇ ਨਾਟਕ ਵੀ ਲਿਖੇ ਗਏ।"[4] ਕਿਰਪਾ ਸਾਗਰ ਨੇ ਪਹਿਲੀ ਵਾਰ ਆਪਣੇ ਨਾਟਕਾਂ (ਮਹਾਰਾਜਾ ਰਣਜੀਤ ਸਿੰਘ - ਭਾਗ ਪਹਿਲਾ, ਭਾਗ ਦੂਜਾ ਅਤੇ ਡੀਡੋ ਜੰਮਵਾਲ) ਰਾਹੀਂ ਸੁਚੇਤ ਰੂਪ ਵਿੱਚ ਰਾਜਸੀ ਸੁਰ ਨੂੰ ਉਭਾਰਨ ਦਾ ਯਤਨ ਕੀਤਾ। ਇਸ ਤਰ੍ਹਾਂ 1947 ਤੱਕ ਦੇ ਪਹਿਲੇ ਪਾਸਾਰ ਵਜੋਂ ਪੰਜਾਬੀ ਨਾਟਕ ਦੀ ਮੁੱਖ ਧਾਰਾ ਵਜੋਂ ਬਲਵੰਤ ਗਾਰਗੀ ਦਾ ਘੁੱਗੀ, ਪੁਨਰ ਜਨਮ, ਹਰਚਰਨ ਸਿੰਘ ਦਾ ‘ਤੇਰਾ ਘਰ ਸੋ ਮੇਰਾ ਘਰ’,

**Shikshan Sanshodhan : Journal of Arts, Humanities and Social Sciences** ISSN(o): 2581-6241
**Monthly, Peer-Reviewed, Refereed, Indexed Journal** Impact Factor: 6.471
**Volume - 6, Issue - 4, April - 2023** Publication Date: 30/04/2023

ਮੇਰਾ ਦੇਸ਼, ਸੰਤ ਸਿੰਘ ਸੇਖੋਂ ਦਾ 'ਮੋਇਆ ਸਾਰ ਨਾ ਕਾਈ', ਗੁਰਦਿਆਲ ਸਿੰਘ ਖੋਸਲਾ ਦਾ 'ਮਰ ਮਿਟਣ ਵਾਲੇ', ਗੁਰਦਿਆਲ ਸਿੰਘ ਫੁੱਲ ਦਾ 'ਪਰਿਵਾਰ', ਕਰਤਾਰ ਸਿੰਘ ਦੁੱਗਲ ਦਾ 'ਪੰਦਰਾਂ ਅਗਸਤ' ਆਦਿ ਨਾਟਕ ਰਾਜਸੀ ਚੇਤਨਾ ਦਾ ਪ੍ਰਗਟਾਵਾ ਕਰਦੇ ਹਨ।

1947 ਤੋਂ ਬਾਅਦ ਦਾ ਸਮਾਂ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਰਾਜਸੀ ਤਬਦੀਲੀਆਂ ਦਾ ਸਮਾਂ ਹੈ। ਇਹ ਵਰ੍ਹਾ ਭਾਰਤ ਦੇ ਇਤਿਹਾਸ ਵਿੱਚ ਅਹਿਮ ਮੋੜ ਹੈ। ਆਜ਼ਾਦੀ ਦੇ ਪਹਿਲੇ ਦਹਾਕੇ ਦੇ ਪੰਜਾਬੀ ਨਾਟਕਾਂ ਵਿੱਚ ਦੇਸ਼ ਵੰਡ ਦੀ ਤ੍ਰਾਸਦੀ ਦੇ ਨਿਰੂਪਣ ਤੋਂ ਬਿਨਾਂ ਹੋਰ ਪ੍ਰਵਿਰਤੀਆਂ ਵੀ ਉਘੜਵੇਂ ਰੂਪ ਵਿੱਚ ਸਾਹਮਣੇ ਆਈਆਂ। "ਕੌਮੀ ਪੱਧਰ ਤੇ ਰਾਜਸੀ ਅਸਥਿਰਤਾ ਤੇ ਕੌਮਾਂਤਰੀ ਪੱਧਰ 'ਤੇ ਲੇਖਕਾਂ ਦੇ ਸੁਪਨਿਆਂ ਦੀ ਨਗਰੀ 'ਸੋਵੀਅਤ ਯੂਨੀਅਨ' ਦੀ ਟੁੱਟ-ਭੱਜ ਦੇ ਆਸਾਰ ਇਸ ਦਹਾਕੇ ਵਿੱਚ ਬਣਨੇ ਆਰੰਭ ਹੋ ਗਏ ਸਨ। ਖਾੜੀ ਜੰਗ ਦੇ ਰੂਪ ਵਿੱਚ ਤੀਜੇ ਵਿਸ਼ਵ ਯੁੱਧ ਦੀ ਅਲਪ-ਝਲਕ ਦੇ ਦਰਸ਼ਨ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਆਰਥਿਕ ਮੰਦਵਾੜੇ ਵਰਗੀ ਸਥਿਤੀ ਇਸ ਸਮੇਂ ਸਾਹਮਣੇ ਆਈ। ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ, ਮਨੁੱਖੀ ਹੋਂਦ ਦਾ ਭੋਰਾ-ਭੋਰਾ ਕਰਕੇ ਖੁਰਨਾ, ਸਹਿਮ ਦੇ ਪ੍ਰਛਾਵਿਆਂ ਵਿੱਚ ਜੀਣਾ, ਵੰਗਾਰਾਂ ਲਈ ਆਪਣੇ ਆਪ ਨੂੰ ਤਿਆਰ ਕਰਨ ਲਈ ਸਾਬਤ ਕਦਮੀ ਚੱਲਣ ਦੀ ਕੋਸ਼ਿਸ਼ ਆਦਿ ਪੱਖ ਅਜਿਹੀਆਂ ਸਥਿਤੀਆਂ ਵਿੱਚ ਉਭਰੇ।"[5] ਜਿਸ ਕਾਰਨ ਰਾਜਸੀ ਚੇਤਨਾ ਵਧੇਰੇ ਪ੍ਰਬਲ ਰੂਪ ਵਿੱਚ ਨਾਟਕ ਰਾਹੀਂ ਸਪੱਸ਼ਟ ਹੋਣ ਲੱਗੀ। ਸੱਤਵੇਂ ਦਹਾਕੇ ਦੇ ਮੱਧ ਤੋਂ ਹੀ ਭਾਰਤੀ ਕੌਮੀ ਵਿਕਾਸ ਦੀ ਪ੍ਰਕਿਰਿਆ ਇੱਕ ਨਵੇਂ ਦੌਰ ਵਿੱਚ ਸ਼ਾਮਲ ਹੋਈ। ਬੈਂਕਾਂ ਦੇ ਕੌਮੀਕਰਣ, ਹਰੀ ਕ੍ਰਾਂਤੀ ਦੀ ਸ਼ੁਰੂਆਤ ਅਤੇ ਰਾਜਨੀਤਿਕ ਉਥਲ-ਪੁਥਲ ਨੇ ਇਸ ਦੌਰ ਦੀ ਰਾਜਨੀਤੀ ਤੇ ਡੂੰਘੇ ਪ੍ਰਭਾਵ ਛੱਡੇ। 1947 ਤੋਂ 1975 ਤੱਕ ਦੇ ਉੱਤਰ ਸੁਤੰਤਰਤਾ ਕਾਲ ਦੇ ਪੰਜਾਬੀ ਨਾਟਕ ਦੇ ਇਸ ਪੜਾਅ ਵਿੱਚ ਰਾਜਸੀ ਚੇਤਨਾ ਸੰਪੰਨ ਨਾਟ-ਰਚਨਾ ਹੋਈ ਮਿਲਦੀ ਹੈ। ਇਸ ਸਮੇਂ 'ਲੰਮੇ ਸਮੇਂ ਦਾ ਨਾਟਕ' (ਹਰਸਰਨ ਸਿੰਘ), 'ਭਲਕ ਅਜੇ ਦੂਰ ਹੈ' (ਸੁਤਿੰਦਰ ਸਿੰਘ ਨੰਦਾ), 'ਪਾਕਿਸਤਾਨੀ ਭੂਮੀ ਅੰਦੋਲਨ' (ਰੋਸ਼ਨ ਲਾਲ ਆਹੂਜਾ), 'ਰਾਹਾਂ ਦੇ ਨਿਖੇੜ 'ਤੇ' (ਅਮਰੀਕ ਸਿੰਘ), 'ਉਜਲੀ ਪ੍ਰਭਾਤ' (ਪਾਂਧੀ ਨਨਕਾਣਵੀਂ), 'ਮੱਕੜੀ ਦਾ ਜਾਲ' (ਗੁਰਚਰਨ ਸਿੰਘ ਜਸੂਜਾ), ਧਰਤੀ ਦੀ ਆਵਾਜ਼' (ਗੁਰਦਿਆਲ ਸਿੰਘ ਫੁੱਲ), 'ਨਾਰਕੀ' (ਸੰਤ ਸਿੰਘ ਸੇਖੋਂ), 'ਕੱਲ੍ਹ, ਅੱਜ ਤੇ ਭਲ੍ਹਕ' (ਹਰਚਰਨ ਸਿੰਘ), 'ਲੋਕ ਚੇਤਨਾ' (ਜਗਦੀਸ਼ ਵੋਹਰਾ), 'ਉਮੀਦਵਾਰ' (ਗੁਰਦਿਆਲ ਸਿੰਘ ਖੋਸਲਾ) ਆਦਿ ਨਾਟਕਾਂ ਵਿੱਚ ਰਾਜਸੀ ਵਿਹਾਰ ਤੇ ਰਾਜਸੀ ਚੇਤਨਾ ਦੀ ਝਲਕ ਮਿਲਦੀ ਹੈ।

ਅਮਰੀਕ ਸਿੰਘ ਦਾ ਨਾਟਕ 'ਰਾਹਾਂ ਦੇ ਨਿਖੇੜ 'ਤੇ' ਰਾਜਸੀ ਚੇਤਨਾ ਨੂੰ ਉਭਾਰਦਾ ਪੂਰਾ ਨਾਟਕ ਹੈ। ਤਿੰਨ ਅੰਕਾਂ ਰਾਹੀਂ ਸਮੁੱਚੀ ਕਹਾਣੀ ਨੂੰ ਪੇਸ਼ ਕਰਦਿਆਂ ਨਾਟਕਕਾਰ ਮਜ਼ਦੂਰਾਂ ਅਤੇ ਕਾਰਖਾਨੇਦਾਰਾਂ ਦੀ ਟੱਕਰ ਨੂੰ ਵਿਆਪਕ ਪੱਧਰ ਤੇ ਪੇਸ਼ ਕਰਕੇ ਆਜ਼ਾਦੀ ਤੋਂ ਬਾਅਦ ਪੈਦਾ ਹੋ ਰਹੀ ਰਾਜਸੀ ਚੇਤਨਾ ਵੱਲ ਇਸ਼ਾਰਾ ਕਰਦਾ ਹੈ। ਇਸ ਨਾਟਕ ਦੀ ਕਹਾਣੀ ਵਿੱਚ ਮਜ਼ਦੂਰਾਂ ਅਤੇ ਕਾਰਖਾਨੇਦਾਰਾਂ ਵਿੱਚ ਸੰਘਰਸ਼ ਚੱਲ ਰਿਹਾ ਹੈ। ਮਜ਼ਦੂਰ ਆਪਣੀਆਂ ਮੰਗਾਂ ਦੀ ਪੂਰਤੀ ਹਿਤ ਹੜਤਾਲ ਕਰਦੇ ਹਨ। ਉਹ ਕਿਰਤ ਦੇ ਪੂਰੇ ਮੁੱਲ ਦੇ ਨਾਲ਼ ਹੋਰ ਸਹੂਲਤਾਂ ਜਿਵੇਂ ਡਾਕਟਰੀ ਸਹੂਲਤਾਂ, ਮਿੱਲ ਦਾ ਸ਼ੁੱਧ ਵਾਤਾਵਰਣ ਆਦਿ ਦੀ ਮੰਗ ਕਰਦੇ ਹਨ। ਮਾਲਕ ਮੰਗਾਂ ਨਹੀਂ ਮੰਨਦਾ ਅਤੇ ਹੜਤਾਲ ਬੰਦ ਕਰਾਉਣੀ ਚਾਹੁੰਦਾ ਹੈ।

ਨਾਟਕ ਵਿੱਚ ਡਾਕਟਰ ਕਪੂਰ ਜੋ ਮਜ਼ਦੂਰਾਂ ਨੂੰ ਪਹਿਲਾਂ ਚੰਦਾ ਦੇਣ ਤੋਂ ਵੀ ਇਨਕਾਰੀ ਸੀ, ਹੁਣ ਮਜ਼ਦੂਰਾਂ ਦਾ ਮੁਫ਼ਤ ਇਲਾਜ ਕਰਦਾ ਹੈ। ਸੇਠ ਬੰਸੀ ਲਾਲ ਤੋਂ ਉਸਨੂੰ ਨਵੇਂ ਹਸਪਤਾਲ ਲਈ ਜੋ ਡੋਨੇਸ਼ਨ ਮਿਲਣਾ ਸੀ, ਮਜ਼ਦੂਰਾਂ ਦੀ ਮਦਦ ਕਰਨ ਕਰਕੇ ਨਹੀਂ ਮਿਲਦੀ। ਡਾਕਟਰ ਹੱਕ ਸੱਚ ਦੀ ਲੜਾਈ ਲੜਨ ਵਾਲਿਆਂ ਦਾ ਸਾਥ ਦਿੰਦਾ ਹੈ। ਉਸਨੂੰ ਆਪਣੇ ਬਿਜ਼ਨਸ ਵਿੱਚ ਹੋਣ ਵਾਲੇ ਨੁਕਸਾਨ ਦੀ ਵੀ ਪਰਵਾਹ ਨਹੀਂ। ਡਾਕਟਰ ਕਪੂਰ ਨੂੰ ਕਮਿਊਨਿਸਟ ਤੇ ਦੇਸ਼ ਧਰੋਹੀ ਕਹਿ ਕੇ ਉਸਦੀ ਬਦਨਾਮੀ ਕੀਤੀ ਜਾਂਦੀ ਹੈ ਪਰ ਡਾਕਟਰ ਕਪੂਰ ਬਿਨਾਂ ਕਿਸੇ ਗੱਲ ਦੀ ਪਰਵਾਹ ਕੀਤਿਆਂ ਮਜ਼ਦੂਰਾਂ ਦੀ ਸਹਾਇਤਾ ਕਰਦਾ ਹੈ।

ਅਮਰੀਕ ਸਿੰਘ ਆਪਣੇ ਇਸ ਨਾਟਕ ਵਿੱਚ ਸਾਡੇ ਸ਼੍ਰੇਣੀਆਂ ਵਿੱਚ ਵੰਡੇ ਸਮਾਜ ਨੂੰ ਮੁੱਖ ਤੌਰ ਤੇ ਲੁੱਟਣ ਵਾਲਿਆਂ ਅਤੇ ਲੁੱਟੇ ਜਾਣ ਵਾਲੇ ਮਿਹਨਤਕਸ਼ਾਂ ਵਿੱਚਕਾਰ ਵੰਡਦਾ ਹੈ। ਮਨੁੱਖ ਪ੍ਰਕਿਰਤੀ ਨੂੰ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਹਿਤ ਅਤੇ ਸਿਰਜਣਾ ਲਈ ਅਨੁਕੂਲ ਢਾਲਦਾ ਹੋਇਆ ਪ੍ਰਕਿਰਤੀ ਦੇ ਸਮਵਿੱਥ ਆਪਣੇ ਸਮਾਜੀ ਅਮਲ ਦੁਆਰਾ ਇੱਕ ਸਮਾਜਕ ਵਰਤਾਰੇ ਦੀ ਸਿਰਜਣਾ ਕਰਨ ਦੇ ਸਮਰੱਥ ਹੋਇਆ ਹੈ। ਇਹ ਸਮਰੱਥਾ ਉਸਨੂੰ ਪਸ਼ੂ ਜਗਤ ਨਾਲੋਂ ਨਿਖੇੜਦੀ ਹੋਈ ਵਿਲੱਖਣ ਸਮਾਜਕ ਮਨੁੱਖੀ ਅਸਤਿਤਵਮੂਲਕ ਹੋਂਦ ਵਜੋਂ ਸਥਾਪਤ ਕਰਦੀ ਹੈ। ਸਮਾਜ ਵਿੱਚ ਅਜਿਹਾ ਪੜਾਅ ਆਇਆ ਜਿਥੇ ਉਤਪਾਦਨ ਦੇ ਵਾਧੂਪੁਣੇ ਨੇ ਉਸ ਵਿੱਚ ਨਿੱਜੀ ਮਾਲਕੀ ਦੀ ਭਾਵਨਾ ਭਰ ਦਿੱਤੀ। ਇਸ ਨਾਲ਼ ਕੰਮ ਵਿੱਚ ਵਾਧਾ ਹੋਇਆ, ਮਨੁੱਖ ਗੁਲਾਮ ਬਣਾਏ ਜਾਣ ਲੱਗੇ । ਫ਼ਲਸਰੂਪ ਕਿਰਤ ਦੀ ਸਮਾਜਕ ਵੰਡ ਨਾਲ਼ ਦੋ ਧਿਰਾਂ ਹੋਂਦ ਵਿੱਚ ਆਈਆਂ - ਮਾਲਕ ਤੇ ਗੁਲਾਮ। ਆਰਥਿਕ ਪੱਖੋਂ ਸੰਪੰਨ ਉਤਪਾਦਨ ਦੇ ਵਸੀਲਿਆਂ ਤੇ ਕਾਬਜ਼ ਵਰਗ ਦੂਜੇ ਵਰਗ ਨੂੰ ਲੁੱਟਣ ਵਿੱਚ ਲੱਗਿਆ ਰਹਿੰਦਾ ਹੈ ਜਿਸ ਕਰਕੇ ਸਮਾਜ ਵਿੱਚ ਇੱਕ ਨਿਰੰਤਰ ਟਕਰਾਉ ਅਤੇ ਤਣਾਉ ਬਣਿਆ ਰਹਿਣ ਕਰਕੇ ਇੱਕ ਨਾ ਖ਼ਤਮ ਹੋਣ ਵਾਲਾ ਵਿਰੋਧ ਉਤਪੰਨ ਹੋ ਜਾਂਦਾ ਹੈ। ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੁਚੇਤ ਅਤੇ ਸੰਗਠਿਤ ਹੋ ਕੇ ਕੀਤਾ ਗਿਆ ਆਰਥਿਕ ਸੰਘਰਸ਼ ਰਾਜਸੀ ਪੱਧਰ ਦਾ ਸੰਘਰਸ਼ ਬਣ ਜਾਂਦਾ ਹੈ। "ਅੱਜ ਤੱਕ ਦਾ ਮਨੁੱਖੀ ਇਤਿਹਾਸ ਹਿੱਤਾਂ ਦੇ ਟਕਰਾਉ ਦੇ ਸੰਘਰਸ਼ ਦਾ ਇਤਿਹਾਸ ਹੈ। ਹਿੱਤਾਂ ਦੇ ਟਕਰਾਉ ਦਾ ਸੰਘਰਸ਼ ਹੀ ਸਿਆਸਤ ਹੈ।"[6] ਇਸੇ ਵਿੱਚੋਂ ਰਾਜਸੀ ਚੇਤਨਾ ਜਨਮ ਲੈਂਦੀ ਹੈ।

ਅਮਰੀਕ ਸਿੰਘ ਦੇ ਨਾਟਕ 'ਰਾਹਾਂ ਦੇ ਨਿਖੇੜ 'ਤੇ' ਵਿੱਚ ਵੀ ਇਕ ਪਾਸੇ ਕਾਰਖਾਨੇਦਾਰ ਚੂਨੀ ਲਾਲ ਹੈ ਤੇ ਦੂਜੇ ਪਾਸੇ ਕਾਰਖਾਨੇ ਵਿੱਚ ਕੰਮ ਕਰਨ ਵਾਲ਼ੇ ਬਾਬੂ ਲਾਲ ਤੇ ਸਾਥੀ ਮਜ਼ਦੂਰ ਹਨ। ਚੂਨੀ ਲਾਲ ਆਪਣਾ ਮੁਨਾਫ਼ਾ ਦੇਖਦਾ ਹੋਇਆ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਵੀ ਮੰਨਣ ਨੂੰ ਤਿਆਰ ਨਹੀਂ ਜਿਸ ਕਾਰਨ ਮਜ਼ਦੂਰ ਹੜਤਾਲ ਕਰ ਦਿੰਦੇ ਹਨ। ਤੁਲਸੀ ਰਾਮ ਡਾਕਟਰ ਕਪੂਰ ਨਾਲ਼ ਗੱਲ ਕਰਦਾ ਹੋਇਆ ਆਪਣੀਆਂ ਮੰਗਾਂ ਨੂੰ ਜਾਇਜ਼ ਠਹਿਰਾਉਂਦਾ ਹੋਇਆ ਦੱਸਦਾ ਹੈ :

ਤੁਲਸੀ ਰਾਮ : ਡਾਕਟਰ ਸਾਹਿਬ, ਓਨਾ ਮਹਿੰਗਾਈ ਅਲਾਉਂਸ ਮੰਗਦੇ ਹਾਂ ਜਿੰਨਾ ਬੰਬਈ ਤੇ ਕਾਨ੍ਹਪੁਰ

ਦੇ ਮਜ਼ਦੂਰਾਂ ਨੂੰ ਮਿਲਦਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਕੱਢੇ ਹੋਏ ਸਾਥੀ ਮੁੜ ਲਏ ਜਾਣ, ਸਾਨੂੰ ਗੱਲ ਗੱਲ ਤੇ ਜੁਰਮਾਨੇ ਨਾ ਹੋਣ, ਜਿਸ ਨੂੰ ਸਾਡੀ ਯੂਨੀਅਨ ਮੰਨੀ ਜਾਵੇ, ਦੱਸੋ, ਇਨ੍ਹਾਂ ਵਿਚੋਂ ਕਿਹੜੀ ਮੰਗ ਨਾਜਾਇਜ ਹੈ।[7.]

ਜਿਉਂ-ਜਿਉਂ ਲੁੱਟੇ ਜਾਣ ਵਾਲੀਆਂ ਜਮਾਤਾਂ ਵਿੱਚ ਜਮਾਤੀ ਚੇਤਨਾ ਆਉਂਦੀ ਹੈ ਉਹ ਆਪਣੇ ਜਮਾਤੀ ਦੁਸ਼ਮਣ ਨਾਲ਼ ਜਥੇਬੰਦ ਰੂਪ ਵਿੱਚ ਸੰਘਰਸ਼ ਕਰਨ ਲਗਦੀਆਂ ਹਨ। ਜਮਾਤੀ ਸੰਘਰਸ਼ ਦਾ ਪ੍ਰਭਾਵ ਸਰਵਵਿਆਪੀ ਹੁੰਦਾ ਹੈ। "ਮਜ਼ਦੂਰੀ ਅਤੇ ਮੁਨਾਫ਼ਾ, ਕਿਰਾਇਆ, ਵਿਆਜ ਅਤੇ ਕੀਮਤਾਂ ਆਦਿ ਸਪੱਸ਼ਟ ਆਰਥਿਕ ਮੁੱਦੇ ਹਨ ਜਿਨ੍ਹਾਂ ਉਤੇ ਮੁਜ਼ਾਰਾ ਤੇ ਜ਼ਾਗੀਰਦਾਰ, ਮਜ਼ਦੂਰ ਤੇ ਪੂੰਜੀਪਤੀ, ਕਰਜ਼ਦਾਰ ਤੇ ਸੂਦਖੋਰ ਆਦਿ ਆਪਣੀ ਲੜਾਈ ਖੁਲ੍ਹੇਆਮ ਸਭ ਦੇ ਸਾਹਮਣੇ ਲੜਦੇ ਹਨ।" ਨਾਟਕ ਵਿੱਚ ਮਜ਼ਦੂਰਾਂ ਦਾ ਆਪਣੀਆਂ ਮੰਗਾਂ ਪ੍ਰਤੀ ਸੁਚੇਤ ਹੋਣਾ, ਉਨ੍ਹਾਂ ਦੀ ਰਾਜਸੀ ਚੇਤਨਾ, ਜਮਾਤੀ ਸੰਘਰਸ਼, ਸਮਾਜਿਕ ਲੁੱਟ-ਖਸੁੱਟ ਅਤੇ ਕਾਣੀ ਵੰਡ ਦੇ ਨਤੀਜਿਆਂ ਨੂੰ ਅੰਕਤ ਕਰਨ ਅਤੇ ਮਿਹਨਤਕਸ਼ ਲੋਕਾਂ ਵਿੱਚ ਰਾਜਸੀ ਚੇਤਨਾ ਫੈਲਾਉਣ ਦੀ ਕੋਸ਼ਿਸ਼ ਹੈ।

ਨਾਟਕ ਦਾ ਅਗਲਾ ਪੱਖ ਨਾਟਕਕਾਰ ਇਹ ਪੇਸ਼ ਕਰਦਾ ਹੈ ਕਿ ਆਰਥਿਕ ਵਸੀਲਿਆਂ ਉੱਪਰ ਕਾਬਜ ਧਿਰ ਆਪਣੇ ਹਿੱਤ ਸੁਰੱਖਿਅਤ ਰੱਖਣ ਲਈ ਸਮਾਜ ਵਿੱਚ ਅਜਿਹੀਆਂ ਕੀਮਤਾਂ ਦੀ ਸਿਰਜਣਾ ਕਰਦੀ ਹੈ ਜਾਂ ਅਜਿਹੇ ਕਾਰਜ ਕਰਦੀ ਹੈ ਜੋ ਵੇਖਣ ਨੂੰ ਉਪਰੋਂ ਕਲਿਆਣਕਾਰੀ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦਾ ਅੰਤਰਵਰਤੀ ਖਾਸਾ ਮੂਲੋਂ ਭਿੰਨ ਹੁੰਦਾ ਹੈ। ਭਾਵ ਉਪਰਲੇ ਤਬਕੇ ਦੇ ਹੱਕ ਵਿੱਚ ਅਤੇ ਨੀਵੇਂ ਤਬਕੇ ਜਾਂ ਅਧੀਨ ਤਬਕੇ ਨੂੰ ਲਗਾਤਾਰ ਖੋਰਨਾ ਉਪਰੋਂ ਕਲਿਆਣਕਾਰੀ ਰੂਪ ਵਿਖਾ ਕੇ ਅੰਦਰੋਂ ਅੰਦਰੀ ਖ਼ਤਮ ਕਰਦੇ ਰਹਿਣਾ। ਇਸ ਨਾਟਕ ਵਿੱਚ ਡਾ.ਕਪੂਰ ਨੂੰ ਹਸਪਤਾਲ ਦੇ ਨਿਰਮਾਣ ਲਈ ਦੋ ਲੱਖ ਰੁਪਏ ਦੀ ਪੇਸ਼ਕਸ਼ ਕਰਨ ਸਮੇਂ ਬੰਸੀ ਲਾਲ ਵਰਗੇ ਮਿੱਲ ਮਾਲਕਾਂ ਦਾ ਇਹੋ ਰੂਪ ਨਜ਼ਰ ਆਉਂਦਾ ਹੈ। ਡਾ.ਕਪੂਰ ਹਸਪਤਾਲ ਬਣਾਉਣ ਦੇ ਆਪਣੇ ਸੁਪਨੇ ਨੂੰ ਪੂਰਾ ਹੁੰਦਿਆਂ ਵੇਖ ਬੜਾ ਖੁਸ਼ ਤੇ ਉਤਸ਼ਾਹਿਤ ਹੈ, ਪਰ ਉਸਦਾ ਇਹ ਸੁਪਨਾ ਉਦੋਂ ਟੁੱਟ ਜਾਂਦਾ ਹੈ ਜਦੋਂ ਉਹ ਹੜਤਾਲ ਵਿੱਚ ਜ਼ਖ਼ਮੀ ਮਜ਼ਦੂਰਾਂ ਦਾ ਇਲਾਜ ਕਰਦਾ ਹੈ ਜਿਸਦੇ ਨਤੀਜੇ ਵਜੋਂ ਚੂਨੀ ਲਾਲ ਬੰਸੀ ਲਾਲ ਨੂੰ ਭੜਕਾ ਦਿੰਦਾ ਹੈ ਕਿ ਡਾ.ਕਪੂਰ ਮਜ਼ਦੂਰਾਂ ਨਾਲ਼ ਰਲ਼ ਗਿਆ ਹੈ। ਬੰਸੀ ਲਾਲ ਪੈਸੇ ਦੇਣ ਤੋਂ ਟਾਲਾ ਵੱਟ ਜਾਂਦਾ ਹੈ। ਡਾ.ਕਪੂਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਬੰਸੀ ਲਾਲ ਨੇ ਡਾ. ਆਨੰਦ ਨੂੰ ਹਸਪਤਾਲ ਬਣਾਉਣ ਲਈ ਪੈਸਿਆਂ ਦੀ ਪੇਸ਼ਕਸ਼ ਕੀਤੀ ਹੈ ਤੇ ਉਸਦੇ ਖ਼ਿਲਾਫ਼ ਚਾਲਾਂ ਚਲ ਰਿਹਾ ਹੈ ਤਾਂ ਡਾ. ਕਪੂਰ ਗੁੱਸੇ ਵਿੱਚ ਭੜਕ ਉਠਦਾ ਹੈ। ਉਹ ਮਜ਼ਦੂਰਾਂ ਦਾ ਸਾਥ ਦੇਣ ਲਈ ਤਿਆਰ ਹੋ ਜਾਂਦਾ ਹੈ, ਅਸਲੀਅਤ ਨੂੰ ਸਭ ਦੇ ਸਾਹਮਣੇ ਸਾਹਮਣੇ ਲਿਆਉਣਾ ਚਾਹੁੰਦਾ ਹੈ :

ਡਾ. ਕਪੂਰ : "... ਮੈਂ ਸਾਰਿਆਂ ਨੂੰ ਦਸਾਂਗਾ ਕਿ ਚੂਨੀ ਲਾਲ ਮੇਰੇ ਨਾਲ਼ ਕੀ ਚਾਲਾਕੀ ਕਰ ਰਿਹਾ ਹੈ।
(ਤੈਸ਼ ਵਿੱਚ ਆ ਕੇ) ਇਹ ਬਿਲਕੁਲ ਬੇਈਮਾਨ ਬੰਦਾ ਹੈ। ਕਹਿੰਦਾ ਕੁਝ ਹੈ, ਕਰਦਾ ਕੁਝ ਹੈ।"[9.]

"ਜਦੋ ਤੱਕ ਇਨ੍ਹਾਂ ਦੀ ਅਸਲੀਅਤ ਨੂੰ ਸਾਰਿਆਂ ਸਾਹਮਣੇ ਨੰਗਾ ਨਹੀ ਕੀਤਾ ਜਾਂਦਾ ਇਹ ਠੀਕ ਨਹੀ ਹੋਣ ਲੱਗੇ। ਵੇਖੋ, ਕਿਨੀ ਧੋਖੇਬਾਜ਼ੀ ਹੈ। ਉਪਰੋ ਹੜਤਾਲ, ਉਧਰੋਂ ਮੇਰੇ ਤੇ ਦਬਾਅ, ਉਧਰੋਂ ਬੰਸੀ ਲਾਲ ਦੇ ਕੰਨ ਭਰਨੇ।"[10.]

ਨਾਟਕ ਵਿੱਚ (ਕਾਬਜ਼) ਸੱਤਾਧਾਰੀ ਧਿਰ ਵੱਲੋਂ ਕੀਤਾ ਜਾ ਰਿਹਾ ਸ਼ੋਸ਼ਣ ਵੀ ਦਿਖਾਇਆ ਗਿਆ ਹੈ। ਪੂੰਜੀਪਤੀ ਵਰਗ ਦੀਆਂ ਕੁਰੀਤੀਆਂ, ਕੋਝੀਆਂ ਚਾਲਾਂ ਅਤੇ ਸੋਸਣ ਕਰਨ ਵਾਲੀਆਂ ਨੀਤੀਆਂ ਬਾਖ਼ੂਬੀ ਪੇਸ਼ ਹੋਈਆਂ ਹਨ। ਕਾਬਜ਼ ਧਿਰ ਆਪਣੇ ਅਧਿਕਾਰਾਂ ਅਨੁਸਾਰ ਮਜ਼ਦੂਰਾਂ ਦਾ ਸ਼ੋਸ਼ਣ ਕਰਦੀ ਹੈ। ਕਾਰਖਾਨੇਦਾਰ ਕਿਸੇ ਵੀ ਤਰੀਕੇ ਨਾਲ਼ ਮਜਦੂਰਾਂ ਨੂੰ ਇਕਮੁੱਠ ਨਹੀਂ ਹੋਣ ਦੇਣਾ ਚਾਹੁੰਦੇ। ਇਸੇ ਲਈ ਮਜ਼ਦੂਰਾਂ ਦੀਆਂ ਯੂਨੀਅਨਾਂ ਉੱਪਰ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਇਨ੍ਹਾਂ ਦੀ ਏਕਤਾ ਨੂੰ ਖੰਡਤ ਕਰਨ ਲਈ ਗੁੰਡਿਆਂ ਤੇ ਪੁਲਿਸ ਦਾ ਸਹਾਰਾ ਲਿਆ ਜਾਂਦਾ ਹੈ :

ਤੁਲਸੀਂ ਬਾਈ : ਰਾਤੀਂ ਪੁਲਸ 24 ਬੰਦਿਆਂ ਨੂੰ ਫੜ ਕੇ ਲੈ ਗਈ ਏ। ਸਾਰੇ ਲੀਡਰ ਤਾਂ ਫੜੇ ਗਏ ਨੇ। ਸੇਠ ਦੇ ਗੁੰਡਿਆਂ ਨੇ ਡਰ ਬੜਾ ਫੈਲਾਇਆ। ਪਰ ਕੰਮ ਤੇ ਕੋਈ ਨਹੀਂ ਗਿਆ।"[11.]

ਸੇਠ ਚੂਨੀ ਲਾਲ ਅਤੇ ਬੰਸੀ ਲਾਲ ਵਰਗੇ ਸੇਠ ਆਪਣੇ ਪੈਸੇ ਰਾਹੀਂ ਰਾਜ, ਸਰਕਾਰ ਅਤੇ ਸਰਕਾਰੀ ਸਰਪ੍ਰਸਤੀ ਅਤੇ ਤਾਕਤ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਹ ਸੱਤਾ ਅਤੇ ਤਾਕਤ ਦੁਆਰਾ ਲੋਕ-ਲਹਿਰਾਂ (ਮਜ਼ਦੂਰ ਲਹਿਰ) ਦਬਾ ਸਕਣ। ਜਦੋਂ ਨਪੀੜੇ ਜਾ ਰਹੇ, ਲੁੱਟੇ ਜਾ ਰਹੇ ਮਜ਼ਦੂਰ ਵਰਗ ਨੂੰ ਇਨ੍ਹਾਂ ਦੀ ਅਸਲੀਅਤ ਦਾ ਗਿਆਨ ਹੁੰਦਾ ਹੈ ਤਾਂ ਉਹ ਸੰਘਰਸ਼ ਵਿੱਢ ਲੈਂਦੇ ਹਨ। ਮਜ਼ਦੂਰ ਸ਼ਕਤੀ ਇੱਕਮੁੱਠ ਹੋ ਕੇ ਜਨਤਾ ਦਾ ਸਾਥ ਪ੍ਰਾਪਤ ਕਰਦਿਆਂ, ਕਾਬਜ ਧਿਰ ਵਿਰੁੱਧ ਜੇਤੂ ਉਮੀਦ ਨਾਲ ਸੰਘਰਸ਼ ਤੇਜ਼ ਕਰਦੀ ਹੈ :

ਸਨੇਹ : ਕਦੀ ਮਾਲਕ ਜਿੱਤ ਜਾਂਦੇ ਨੇ। ਕਦੀ ਮਜ਼ਦੂਰ। ਪਰ ਅਖੀਰ ਤਾਂ ਜਿੱਤ ਮਜ਼ਦੂਰਾਂ ਦੀ ਹੋਣੀ ਹੈ।[12.]

ਇਸ ਤਰ੍ਹਾਂ ਅਮਰੀਕ ਸਿੰਘ ਨੇ ਕਾਬਜ਼ ਵਰਗ ਭਾਵ ਸਰਮਾਏਦਾਰਾਂ ਦੀਆਂ ਕੋਝੀਆਂ ਚਾਲਾਂ ਦਾ ਭਾਂਡਾ ਭੰਨਿਆ ਹੈ। ਰਿਸ਼ਤਿਆਂ ਦਾ ਨਿੱਘ ਤੇ ਮੋਹ ਸਰਮਾਏਦਾਰੀ ਦੇ ਨਿੱਜੀ ਅਤੇ ਸਵਾਰਥੀ ਹਿੱਤਾਂ ਦੀ ਭੇਟ ਚੜ੍ਹ ਜਾਂਦਾ ਹੈ। ਡਾ. ਕਪੂਰ ਅਤੇ ਕੁਸੁਮ ਦੀ ਭਾਵੇਂ ਮੰਗਣੀ ਹੋ ਚੁੱਕੀ ਹੈ ਪਰ ਦੋਹਾਂ ਦੀ ਸੋਚ ਵਿੱਚ ਬੜਾ ਫ਼ਰਕ ਹੈ। ਡਾ. ਕਪੂਰ ਜਿਥੇ ਸਮਾਜ ਸੇਵਾ ਨੂੰ ਪਹਿਲ ਦੇਣ ਵਾਲ਼ਾ ਅਤੇ ਮਜ਼ਦੂਰਾਂ ਦਾ ਪੱਖ ਲੈਣ ਵਾਲ਼ਾ ਵਿਅਕਤੀ ਹੈ ਉਥੇ ਕੁਸੁਮ ਪੂੰਜੀਵਾਦੀ ਸੋਚ ਦੀ ਧਾਰਨੀ ਹੋਣ ਕਾਰਨ ਮਜ਼ਦੂਰਾਂ ਦਾ ਵਿਰੋਧ ਕਰਦੀ ਹੈ ਤੇ ਇਸੇ ਗੱਲ ਤੇ ਡਾ. ਕਪੂਰ ਨਾਲ਼ ਨਾਰਾਜ਼ ਹੋ ਕੇ ਚਲੀ ਜਾਂਦੀ ਹੈ।

ਅਮਰੀਕ ਸਿੰਘ ਨਾਟਕ ਦੇ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਰਾਜਸੀ ਚੇਤਨਾ ਨੂੰ ਰੂਪਮਾਨ ਕਰਨ ਲਈ ਵਿਦਰੋਹੀ ਸੁਰ ਦੀ ਪੇਸ਼ਕਾਰੀ ਬੜੇ ਭਰਵੇਂ ਰੂਪ ਵਿੱਚ ਕਰਦਾ ਹੈ। ਸਥਾਪਤੀ ਦਾ ਵਿਰੋਧ ਅਮਰੀਕ ਸਿੰਘ ਦੇ ਨਾਟਕ ਦਾ ਖਾਸਾ ਹੈ। ਬੰਸੀ ਲਾਲ, ਸੇਠ ਚੂਨੀ ਲਾਲ ਸਥਾਪਤੀ ਦੇ ਪ੍ਰਤੀਕ ਹਨ। ਡਾ. ਕਪੂਰ, ਸਨੇਹ, ਬਾਬੂ ਲਾਲ ਅਤੇ ਬਾਕੀ ਮਜ਼ਦੂਰ ਅਤੇ ਕਾਲਜ ਵਿਦਿਆਰਥੀਆਂ ਦਾ ਰਲ਼ ਕੇ ਚੂਨੀ ਲਾਲ ਸੇਠ ਦਾ ਵਿਰੋਧ ਕਰਨਾ, ਹੜਤਾਲਾਂ, ਧਰਨੇ ਕਰਕੇ ਵਿਦਰੋਹੀ ਸੁਰ ਦੇ ਪ੍ਰਕਾਰਜ ਹਨ :

ਸਨੇਹ : ਇੱਕ ਬੇਇਨਸਾਫ਼ੀ ਹੋ ਰਹੀ ਹੈ, ਅਸੀਂ ਉਸਦੇ ਵਿਰੁੱਧ ਲੜ ਰਹੇ ਹਾਂ। ਸਾਰੇ ਉਹ ਆਦਮੀ ਜਿਹੜੇ ਇਸ ਬੇਇਨਸਾਫ਼ੀ ਨੂੰ ਮਾੜਾ ਸਮਝਦੇ ਨੇ, ਉਨ੍ਹਾਂ ਨੂੰ ਸਾਡੀ ਮਦਦ ਕਰਨੀ ਚਾਹੀਦੀ ਹੈ।13.

ਬਾਬੂ ਲਾਲ: ..ਇੱਡਾ ਹਨੇਰ, ਇੱਡਾ ਜ਼ੁਲਮ । ਸੇਠ ਨੂੰ ਨਾਨੀ ਚੇਤੇ ਆ ਗਈ ਜਦੋਂ ਅਗਲੇ ਦਿਨ ਸਾਰੇ ਕਾਲਜਾਂ ਨੇ ਹੜਤਾਲ ਕਰ ਦਿੱਤੀ ਤੇ ਸੇਠ ਦੇ ਘਰ ਅੱਗੇ ਸਿਆਪਾ ਹੋਇਆ।14.

ਰਾਜਸੀ ਚੇਤਨਾ ਦਾ ਅਗਲਾ ਪੱਖ ਨਾਟਕ ਵਿੱਚ ਨਿਮਨ ਸ਼੍ਰੇਣੀ ਤੇ ਮੱਧ ਸ਼੍ਰੇਣੀ ਦੇ ਫ਼ਰਕ ਰਾਹੀਂ ਦਿਖਾਇਆ ਗਿਆ ਹੈ। ਇਸ ਨਾਟਕ ਵਿੱਚ ਡਾ. ਕਪੂਰ ਮੱਧ ਸ਼੍ਰੇਣੀ ਦਾ ਪ੍ਰਤੀਕ ਹੈ। ਡਾ. ਕਪੂਰ ਦੀ ਆਰਥਿਕ ਦਸ਼ਾ ਵੀ ਪ੍ਰੋਲਤਾਰੀ ਵਰਗ ਵਰਗੀ ਹੀ ਹੈ ਪਰ ਉਹ ਮਾਨਸਿਕ ਤੌਰ ਤੇ ਉਤਲੀ ਸ਼੍ਰੇਣੀ ਵਿੱਚੋਂ ਸ਼ਾਮਿਲ ਹੋਣਾ ਚਾਹੁੰਦਾ ਹੈ। ਭਾਵੇਂ ਉਹ ਵੱਡਾ ਹਸਪਤਾਲ ਬਣਾ ਕੇ ਲੋਕਾਂ ਦੀ ਸੇਵਾ ਹੀ ਕਰਨੀ ਚਾਹੁੰਦਾ ਹੈ, ਪਰ ਮਨ ਵਿੱਚ ਇੱਛਾ ਰੱਖਦਾ ਹੈ ਕਿ ਉਹ ਆਪਣੀ ਮਰਜ਼ੀ ਨਾਲ਼ ਸਰਮਾਏਦਾਰਾਂ ਵਾਂਗੂੰ ਕੰਮ ਕਰੇ। ਜਦੋਂ ਬੰਸੀ ਲਾਲ ਉਸਦੇ ਖਿਲਾਫ਼ ਹੋ ਕੇ ਚੂਨੀ ਲਾਲ ਨੂੰ ਭੜਕਾ ਕੇ ਡਾ. ਕਪੂਰ ਤੇ ਦੋਸ਼ ਲਾਉਂਦਾ ਹੈ ਤਾਂ ਉਹ ਮਜ਼ਦੂਰ ਸ਼੍ਰੇਣੀ ਦਾ ਪੱਖ ਲੈਂਦਾ ਹੋਇਆ ਸੰਘਰਸ਼ ਵਿੱਚ ਸ਼ਾਮਲ ਹੋ ਜਾਂਦਾ ਹੈ। ਡਾ. ਕਪੂਰ ਦੀਆਂ ਪਰਸਥਿਤੀਆਂ ਉਸਦੀ ਚੇਤਨਾ ਨੂੰ ਇਸ ਪਾਸੇ ਵੱਲ ਲੈ ਜਾਂਦੀਆਂ ਹਨ। ਮਾਰਕਸ ਅਨੁਸਾਰ ਇਹ ਮਨੁੱਖ ਦੀ ਚੇਤਨਾ ਨਹੀਂ ਹੁੰਦੀ ਜੋ ਉਸਦੀ ਹੋਂਦ ਨੂੰ ਨਿਸਚਿਤ ਕਰਦੀ ਹੈ ਬਲਕਿ ਉਸਦੀਆਂ ਭੌਤਿਕ, ਸਮਾਜਿਕ ਪ੍ਰਸਥਿਤੀਆਂ ਉਸਦੀ ਚੇਤਨਾ ਨੂੰ ਬਣਾਉਂਦੀਆਂ ਹਨ।15.

ਉਪਰੋਕਤ ਤੋਂ ਸਪੱਸ਼ਟ ਹੈ ਕਿ ਇਸ ਨਾਟਕ ਦੇ ਪਾਤਰ ਲੜਦੇ ਹਨ, ਜੂਝਦੇ ਹਨ, ਸੰਘਰਸ਼ ਕਰਦੇ ਹਨ। ਆਪਣੀ ਸਥਿਤੀ ਤੋਂ ਚੇਤੰਨ ਵੀ ਹਨ ਤੇ ਇਸ ਸਥਿਤੀ ਤੋਂ ਮੁਕਤੀ ਹਾਸਲ ਕਰਨ ਲਈ ਛਟਪਟਾਉਂਦੇ ਵੀ ਹਨ, ਬਗ਼ਾਵਤ ਵੀ ਕਰਦੇ ਹਨ। ਇਹਨਾਂ ਦੀ ਰਾਜਸੀ ਚੇਤਨਾ ਤੇ ਰਾਜਸੀ ਪੱਧਰ 'ਤੇ ਲਾਮਬੰਦੀ ਉਨ੍ਹਾਂ ਨੂੰ ਸੰਘਰਸ਼ ਦੀ ਸਫਲਤਾ ਵੱਲ ਵਧਾਉਂਦੀ ਹੈ। ਮਜ਼ਦੂਰ ਵਰਗ ਦੀ ਮੁਕਤੀ ਅਤੇ ਹੱਕਾਂ ਦੀ ਹਾਮੀ ਭਰਨ ਵਾਲ਼ੀਆਂ ਧਿਰਾਂ (ਡਾ. ਕਪੂਰ ਅਤੇ ਵਿਦਿਆਰਥੀ) ਸਿਧਾਂਤਕ ਪੱਧਰ ਤੇ ਸਹੀ ਸੋਚ ਰੱਖਣ ਦੇ ਕਾਰਨ ਅਮਲੀ ਪੱਧਰ ਤੇ ਇਸ ਵਰਗ ਨਾਲ਼ ਇਕਮਿਕ ਹੁੰਦੀਆਂ ਹਨ। ਇਹ ਸੰਘਰਸ਼ਮਈ ਜੀਵਨ ਹੀ ਮਾਨਵਤਾ ਦੇ ਸਤਿਕਾਰ, ਨੇਕੀ, ਚੰਗਿਆਈ ਤੇ ਸੁਹਜ ਨੂੰ ਬਰਕਰਾਰ ਰੱਖਦਾ ਹੈ।""

ਇਸ ਤਰ੍ਹਾਂ ਨਾਟਕਕਾਰ ਨੇ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਕਿਸ ਤਰ੍ਹਾਂ ਉੱਚ ਸ਼੍ਰੇਣੀ ਦੇ ਲੋਕ ਸੱਤਾ ਤੇ ਕਾਬਜ਼ ਹੁੰਦੇ ਹਨ, ਕਿਰਤੀਆਂ, ਮਜ਼ਦੂਰਾਂ ਦਾ ਸ਼ੋਸ਼ਣ ਕਰਦੇ ਹਨ। ਹਕੂਮਤ ਦੀ ਵਾਗਡੋਰ ਪੂੰਜੀਪਤੀਆਂ ਦੇ ਹੱਥਾਂ 'ਚ ਹੋਣ ਕਰਕੇ, ਇਹ ਲੋਕ ਮਜ਼ਦੂਰਾਂ, ਕਿਰਤੀਆਂ ਅਤੇ ਮੁਜਾਰਿਆਂ ਦੀਆਂ ਸਮੱਸਿਆਵਾਂ ਸੁਲਝਾਉਣ ਦੀ ਬਜਾਏ, ਹਮੇਸ਼ਾਂ ਉਨ੍ਹਾਂ ਦੀ ਖੁੰਬ ਠੱਪਣ ਦੀ ਸੋਚਦੇ ਹਨ। ਇਸ ਨਾਟਕ ਵਿੱਚ ਪੂੰਜੀਪਤੀਆਂ (ਸਰਮਾਏਦਾਰਾਂ) ਅਤੇ ਮਜਦੂਰਾਂ ਦੀ ਟੱਕਰ ਵਿੱਚ ਮੱਧ ਵਰਗ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿਥੋਂ ਇੱਕ ਰਾਹ ਕਿਰਤੀ ਵਰਗ ਵੱਲ ਅਤੇ ਦੂਜਾ ਸਰਮਾਏਦਾਰੀ ਵੱਲ ਜਾਂਦਾ ਹੈ। ਇਥੇ ਨਾਟਕਕਾਰ ਇਹ ਸੁਝਾਉ ਦੇਣ ਦਾ ਯਤਨ ਕਰਦਾ ਹੈ ਕਿ ਮੱਧ ਵਰਗ ਦਾ ਮਜ਼ਦੂਰਾਂ ਨਾਲ਼ ਮਿਲ ਕੇ ਚੱਲਣਾ ਦੋਹਾਂ ਲਈ ਲਾਭਕਾਰੀ ਹੈ। ਇਸ ਨਾਲ਼ ਸਮਾਜਵਾਦੀ ਸਮਾਜ ਦੀ ਉਸਾਰੀ ਹੋਵੇਗੀ ਤੇ ਦੇਸ਼ ਦੇ ਲੋਕ ਸਹੀ ਅਰਥਾਂ ਵਿੱਚ ਰਾਸ਼ਟਰ-ਨਿਰਮਾਣ ਵੱਲ ਅਗ੍ਰਸਰ ਹੋਣਗੇ। ਨਾਟਕਕਾਰ, ਇਸ ਟੱਕਰ ਵਿੱਚ, ਪੜ੍ਹੀ-ਲਿਖੀ ਸ਼੍ਰੇਣੀ ਦੀ ਆਦਰਸ਼ਕ ਭੂਮਿਕਾ ਸਦਕੇ, ਇਸ ਨਾਟਕ ਨੂੰ ਇੱਕ ਤੋਂ ਵਧੇਰੇ ਪੱਧਰਾਂ ਤੋਂ ਸਾਰਥਕ ਬਣਾਉਣ ਵਿੱਚ ਸਫ਼ਲ ਹੋਇਆ ਹੈ। ਵਿਸ਼ੇ ਤੇ ਵਿਸ਼ੇ ਦੇ ਨਿਭਾਉ ਵਿੱਚ ਨਵੀਨਤਾ ਸਦਕਾ ਇਸ ਨਾਟਕ ਦੀ ਸਾਰਥਕਤਾ ਅੱਜ ਵੀ ਬਰਕਰਾਰ ਹੈ, ਕਿਉਂਕਿ ਅੱਜ ਵੀ ਸਾਡੇ ਦੇਸ਼ ਵਿੱਚ ਆਪਣੇ ਹਿਤਾਂ ਦੀ ਰਾਖੀ ਅਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਇਸੇ ਲਈ ਨਾਟਕ ਵਿੱਚ ਨਾਟਕਕਾਰ ਲੋਕਾਂ ਦੀਆਂ ਦੁਸ਼ਮਣ ਜਮਾਤਾਂ ਦੀ ਪਛਾਣ ਕਰਵਾ ਕੇ, ਯਥਾਰਥਕ ਜੀਵਨ ਦੀ ਝਲਕ ਪੇਸ਼ ਕਰਦਾ ਹੋਇਆ ਦੱਸਦਾ ਹੈ ਕਿ ਜੇਕਰ ਸਾਡੇ ਸਮਾਜ ਦੇ ਲੋਕਾਂ ਨੇ ਆਪਣੇ ਹਿਤਾਂ ਦੀ ਰਾਖੀ ਕਰਨੀ ਹੋ ਤਾਂ ਉਨ੍ਹਾਂ ਨੂੰ ਚੇਤੰਨ ਹੋਣਾ ਪਏਗਾ, ਲੁਟੇਰੀਆਂ ਜਮਾਤਾਂ ਨਾਲ਼ ਲੜਨਾ ਪਏਗਾ ਤਾਂ ਹੀ ਲੋਕ ਸੁਰ ਜੇਤੂ ਹੁੰਦੀ ਹੋਈ ਨਜ਼ਰ ਆਏਗੀ। ਨਾਟਕਕਾਰ ਅਨੁਸਾਰ ਚੇਤਨਾ, ਸ਼ਕਤੀ ਤੇ ਸੰਗਠਨ ਦੁਆਰਾ ਹੀ ਨਵੇਂ ਇਤਿਹਾਸ, ਨਵੇਂ ਸਮਾਜ ਦੀ ਸਿਰਜਣਾ ਹੋ ਸਕਦੀ ਹੈ ਅਤੇ ਲੋਕਾਂ ਲਈ ਉਹਨਾਂ ਦੇ ਵਰਤਮਾਨ ਸੰਕਟ ਤੋਂ ਮੁਕਤ ਹੋਣ ਦਾ ਇਹੋ ਰਸਤਾ ਹੈ।

## ਹਵਾਲੇ ਤੇ ਟਿੱਪਣੀਆਂ :


1. ਗੁਰਮੀਤ ਕੌਰ ਸੰਧੂ, **ਵਰਿਆਮ ਸਿੰਘ ਸੰਧੂ: ਕਥਾ ਅਤੇ ਰਾਜਸੀ ਪ੍ਰਵਚਨ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ 15.
2. ਉਹੀ, ਪੰਨਾ 7.
3. ਡਾ. ਭੀਮ ਇੰਦਰ ਸਿੰਘ, **ਆਧੁਨਿਕ ਪੰਜਾਬੀ ਕਹਾਣੀ ਸਿਆਸੀ ਪਰਿਪੇਖ**, ਪ੍ਰਕਾਸ਼ਨ, ਜਲੰਧਰ, 2002, ਪੰਨੇ 38-39.
4. ਗੁਰਮੀਤ ਕੌਰ ਸੰਧੂ, ਉਹੀ, ਪੰਨੇ 27-27.
5. ਸਤੀਸ਼ ਕੁਮਾਰ ਵਰਮਾ, **ਪੰਜਾਬੀ ਨਾਟਕ ਬੀਜ ਤੋਂ ਬਿਰਖ ਤੱਕ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2014, ਪੰਨਾ 61.
6. ਡਾ. ਸਵਰਨ ਚੰਦਨ, ਸਾਹਿਤ, ਸਮਾਜ ਤੇ ਰਾਜਨੀਤੀ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 20014 ਪੰਨਾ 11.

7. ਅਮਰੀਕ ਸਿੰਘ, ਰਾਹਾਂ ਦੇ ਨਿਖੇੜ 'ਤੇ, ਪੰਜਾਬੀ ਰਾਈਟਰਜ਼ ਕੋਆਪਰੇਟਿਵ, 1993, ਨਵੀਂ ਦਿੱਲੀ, ਪੰਨਾ 13.
8. ਈ.ਐਮ.ਐਸ. ਨੰਬੂਦਰੀਪਾਦ, ਗੁਰਨਾਇਬ ਸਿੰਘ (ਅਨੁ:), ਕਲਾ ਸਾਹਿਤ ਅਤੇ ਸੱਭਿਆਚਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ 38.
9. ਅਮਰੀਕ ਸਿੰਘ, ਉਹੀ, ਪੰਨੇ 67-68.
10. ਉਹੀ
11. ਅਮਰੀਕ ਸਿੰਘ, ਉਹੀ, ਪੰਨਾ 66.
12. ਉਹੀ, ਪੰਨਾ 74.
13. ਉਹੀ, ਪੰਨਾ 15.
14. ਉਹੀ, ਪੰਨਾ 28
15. ਡਾ. ਜਗਰੂਪ ਕੌਰ, ਪੱਛਮੀ ਰਾਜਨੀਤਿਕ ਚਿੰਤਨ, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2003, ਪੰਨਾ 446.
16. ਕੇਸਰ ਸਿੰਘ ਕੇਸਰ, ਵਰਗ ਸੰਘਰਸ਼ ਤੇ ਗਲਪ-ਸਾਹਿਤ, ਰਘਬੀਰ ਰਚਨਾ ਪ੍ਰਕਾਸ਼ਨ,ਚੰਡੀਗੜ੍ਹ, 1992, ਪੰਨਾ 44.